2024120012

ਕਾਪੀ-1


**ELECTION CELL**

ਦਫ਼ਤਰ ਵਧੀਕ ਡਿਪਟੀ ਕਮਿਸ਼ਨਰ( ਪੇਂਡੂ ਵਿਕਾਸ) ਕਮ-
ਵਧੀਕ ਜ਼ਿਲ੍ਹਾ ਚੋਣਕਾਰ ਅਫਸਰ, ਬਠਿੰਡਾ

*OFFICE OF THE*
*ADDL. DEPUTY COMMISSIONER(R.D.)Cum-*
*ADDL. DISTRICT ELECTORAL OFFICER. BATHINDA*
Zila Parishad Complex, Bathinda)
Phone/Fax No. 0164-2241949,0164-2210736
E-mail : Adoo.bti@gmail.com


ਪੱਤਰ ਨੰ. ਚੋਣ-2024/189 ਮਿਤੀ - 19/9/24

ਵੱਲ,

ਸਮੂਹ ਵਿਭਾਗਾਂ ਦੇ ਮੁੱਖੀ।
ਜ਼ਿਲ੍ਹਾ ਬਠਿੰਡਾ।

ਵਿਸ਼ਾ: ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਆਮ ਚੋਣਾਂ-2024 ਲਈ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਦਾ ਡਾਟਾ ਡਾਈਸ ਕੈਪਸੂਲ ਉਪੱਰ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਨਿਕਟ ਭਵਿੱਖ ਵਿੱਚ ਹੋਣ ਜਾ ਰਹੀਆਂ ਗ੍ਰਾਮ ਪੰਚਾਇਤਾ, ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਆਮ ਚੋਣਾਂ ਕਰਵਾਉਣ ਦੀ ਤਜਵੀਜ ਹੈ। ਇਹਨਾਂ ਚੋਣਾਂ ਲਈ ਪੋਲਿੰਗ ਸਟਾਫ ਜਾਂ ਹੋਰ ਅਧਿਕਾਰੀ/ਕਰਮਚਾਰੀ ਜੋ ਕਿ ਵੱਖ-ਵੱਖ ਚੋਣ ਡਿਊਟੀਆਂ ਤੇ ਤੈਨਾਤ ਕੀਤੇ ਜਾਣੇ ਹਨ। ਇਸ ਲਈ ਇਹਨਾਂ ਅਧਿਕਾਰੀਆਂ/ਕਰਮਚਾਰੀਆਂ ਦਾ ਡਾਟਾ ਸਮੂਹ ਵਿਭਾਗਾਂ ਦੇ ਮੁੱਖੀਆ ਵੱਲੋਂ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋਂ ਵਰਤੇ ਜਾ ਰਹੇ ਸਾਫਟਵੇਅਰ (ਡਾਈਟ ਕੈਪਸੂਲ) ਉਪੱਰ ਅਪਲੋਡ ਕੀਤਾ ਜਾਣਾ ਹੈ। ਇਸ ਸਾਫਟਵੇਅਰ ਵਿੱਚ ਦਰਜਾ-4 ਅਤੇ ਡਰਾਈਵਰਾਂ ਦਾ ਡਾਟਾ ਅਪਲੋਡ ਨਹੀਂ ਕੀਤਾ ਜਾਣਾ। ਜੋ ਕਰਮਚਾਰੀ ਫਿਜੀਕਲ ਤੋਰ ਤੇ ਅਪਾਹਜ ਹੋਣ, ਉਨ੍ਹਾਂ ਦੀ ਅਪਾਹਜ ਸਬੰਧੀ ਸਰਟੀਫੀਕੇਟ ਵਿੱਚ ਦਰਸ਼ਾਈ ਗਈ ਪ੍ਰਤੀਸ਼ਤਾ ਨਾਲ ਡਾਟਾ ਅਪਲੋਡ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਜੋ ਅਧਿਕਾਰੀ/ਕਰਮਚਾਰੀ ਦੀ ਰਿਟਾਇਰਮੈਂਟ ਵਿੱਚ 6 ਮਹੀਨੇ ਤੋਂ ਘੱਟ ਸਮਾਂ ਰਹਿੰਦਾ ਹੋਵੇ, ਕੋਈ ਇਸਤਰੀ ਪ੍ਰੈਗਨੈਂਟ ਹੋਵੇ, ਕੋਈ ਅਧਿਕਾਰੀ/ਕਰਮਚਾਰੀ ਲੰਬੀ ਛੁੱਟੀ ਤੇ ਵਿਦੇਸ਼ ਗਿਆ ਹੋਵੇ, ਕੋਈ ਅਧਿਕਾਰਣ/ਕਰਮਚਾਰਣ ਦਾ ਬੱਚਾ ਇੱਕ ਸਾਲ ਤੋਂ ਛੋਟਾ ਹੋਵੇ, ਤਾਂ ਉਨ੍ਹਾਂ ਦੇ ਵਿਸ਼ੇਸ਼ ਕਥਨ ਕਾਲਮ ਵਿੱਚ ਵਿਸ਼ੇਸ਼ ਤੌਰ ਤੇ ਡਾਟਾ ਦਰਜ ਕੀਤਾ ਜਾਵੇ। ਸਮੂਹ ਵਿਭਾਗਾਂ ਦੇ ਮੁੱਖੀਆਂ ਵੱਲੋਂ ਇਸ ਸਬੰਧੀ ਇੱਕ ਸਰਟੀਫੀਕੇਟ ਪੇਸ਼ ਕੀਤਾ ਜਾਵੇਗਾ ਕਿ ਜੋ ਡਾਟਾ ਸਾਫਟਵੇਅਰ ਉਪੱਰ ਅਪਲੋਡ ਕੀਤਾ ਗਿਆ ਹੈ, ਉਹ ਸਹੀ ਹੈ ਅਤੇ ਜੇਕਰ ਬਾਅਦ ਵਿੱਚ ਕਿਸੇ ਅਧਿਕਾਰੀ/ਕਰਮਚਾਰੀ ਦਾ ਡਾਟਾ ਗਲਤਾ ਪਾਇਆ ਗਿਆ, ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਵਿਭਾਗ ਮੁੱਖੀ ਦੀ ਹੋਵੇਗੀ ਅਤੇ ਉਸਦੇ ਵਿਰੁੱਧ ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਦੀ ਧਾਰਾ 120 ਤਹਿਤ ਅਨੁਸ਼ਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸੋ, ਉਕਤ ਅਨੁਸਾਰ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਆਪ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦਾ ਡਾਟਾ ਡਾਈਟ ਕੈਪਸੂਲ ਸਾਫਟਵੇਅਰ ਉੱਪਰ ਮਿਤੀ 30.09.2024 ਤੱਕ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸਦੀ ਹਾਰਡ ਕਾੱਪੀ, ਸਾਫਟ ਕਾੱਪੀ ਅਤੇ ਸਰਟੀਫੀਕੇਟ ਪੈਨ ਡਰਾਈਵ ਵਿੱਚ ਪਾ ਕੇ ਐਨ.ਆਈ.ਸੀ. ਦਫਤਰ, ਕਮਰਾ ਨੰ: 302, ਦੂਜੀ ਮੰਜਿਲ,. ਮਿੰਨੀ ਸਕੱਤਰੇਤ ਵਿੱਖੇ ਮਿੱਤੀ 30.09.2024 ਤੱਕ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ। ਡਾਈਟ ਕੈਪਸੂਲ ਸਾਫਟਵੇਅਰ Bathinda.nic.in ਤੋਂ ਡਾਉਨਲਾਊਡ ਕੀਤਾ ਜਾ ਸਕਦਾ ਹੈ ਜਾਂ ਐਨ.ਆਈ.ਸੀ. ਦਫਤਰ, ਕਮਰਾ ਨੰ: 302, ਦੂਜੀ ਮੰਜਿਲ, ਮਿੰਨੀ ਸਕੱਤਰੇਤ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸਬੰਧੀ ਕੋਈ ਵੀ ਜਾਣਕਾਰੀ ਲੈਣ ਲਈ ਐਨ.ਆਈ.ਸੀ. ਦਫਤਰ ਦੇ ਕਰਮਚਾਰੀਆਂ (ਟੈਕਨੀਕਲ ਇੰਜੀਨੀਅਰ) ਸ਼੍ਰੀ ਜ਼ਸਵਿੰਦਰ ਸਿੰਘ 92566-00063 ਅਤੇ ਸ਼੍ਰੀ ਰਮੇਸ਼ 97854-93313 ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ।
ਮਿਤੀ-

**ਪਿੱਠ ਅੰਕਣ ਨੰ. ਚੋਣ-2024/**

ਉਪਰੋਕਤ ਦਾ ਉਤਾਰਾ:

1. ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਜਾਣਕਾਰੀ ਹਿੱਤ।
2. ਡੀ.ਆਈ.ਓ., ਬਠਿੰਡਾ ਨੂੰ ਪਾਲਣਾ ਹਿੱਤ।
3. ਨੋਡਲ ਅਫਸਰ, Manpower Committee ਨੂੰ ਸੂਚਨਾ ਹਿਤ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ: ਈ-ਪੀ.1 (1) 2024/6118 ਮਿਤੀ: 26/9/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ [illegible] ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ।